Draft 2020

ਨੰ.FD-FPPC0ADVC/7/2020-2FPPC/680

ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਪੈਨਸ਼ਨ ਪਾਲਿਸੀ ਤੇ ਤਾਲਮੇਲ ਸ਼ਾਖਾ)

ਮਿਤੀ, ਚੰਡੀਗੜ੍ਹ-04.05.2020

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁੱਖੀ,
ਕਮਿਸ਼ਨਰ ਆਫ ਡਿਵੀਜ਼ਨਜ਼
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ,
ਜ਼ਿਲ੍ਹਾ ਤੇ ਸੈਸ਼ਨ ਜੱਜ ਅਤੇ
ਸਮੂਹ ਡਿਪਟੀ ਕਮਿਸ਼ਨਰ ਪੰਜਾਬ।

ਵਿਸ਼ਾ: Covid-19 ਸਨਮੁੱਖ ਜਾਰੀ ਲਾਕ-ਡਾਊਨ ਕਾਰਨ ਮਿਤੀ 31.03.2020 ਅਤੇ ਉਸ ਤੋਂ ਬਾਅਦ ਰਿਟਾਇਰ ਹੋਣ ਵਾਲੇ ਅਧਿਕਾਰੀਆਂ/ਕਰਮਚਾਰੀਆਂ ਦੀ ਪੈਨਸ਼ਨ ਸਬੰਧੀ ਕਾਗਜ਼ੀ ਕਾਰਵਾਈ ਪੂਰੀ ਨਾ ਹੋਣ ਕਾਰਨ Provisional ਪੈਨਸ਼ਨਰੀ ਲਾਭ ਦੇਣ ਸਬੰਧੀ ਹਦਾਇਤਾਂ ਜਾਰੀ ਕਰਨ ਬਾਰੇ।

*****

ਸ੍ਰੀ ਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਆਪ ਦਾ ਧਿਆਨ ਦਿਵਾਉਣ ਅਤੇ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਜੇਕਰ ਪੰਜਾਬ ਸਰਕਾਰ ਦੇ ਕਿਸੇ ਅਧਿਕਾਰੀ/ਕਰਮਚਾਰੀ ਦੇ ਪੈਨਸ਼ਨਰੀ ਲਾਭ ਜਾਰੀ ਕਰਨ ਸਬੰਧੀ ਕਾਗਜ਼ੀ ਕਾਰਵਾਈ ਜਾਂ ਕਿਸੇ ਹੋਰ ਕਾਰਨ ਕਰਕੇ ਕਿਸੇ ਪੱਧਰ ਤੇ ਦੇਰੀ ਹੁੰਦੀ ਹੈ ਤਾਂ ਸਬੰਧਤ ਰੂਲਾਂ ਵਿੱਚ ਦਰਸਾਈ ਅਥਾਰਿਟੀ ਵੱਲੋਂ Punjab Civil Services Rules, Volume-II ਦੇ Rule 9.9 ਅਨੁਸਾਰ Provisional ਪੈਨਸਨਰੀ ਲਾਭ ਜਾਰੀ ਕਰਨ ਦਾ ਉਪਬੰਧ ਹੈ।

2 Covid-19 ਕਾਰਨ ਪੂਰੇ ਭਾਰਤ ਵਿੱਚ ਕਰਫਿਊ/ਲਾਕ ਡਾਊਨ ਲੱਗਿਆ ਹੋਇਆ ਹੈ। ਜਿਸ ਕਰਕੇ ਰਿਟਾਇਰ ਹੋਏ ਅਧਿਕਾਰੀਆਂ/ਕਰਮਜਾਰੀਆਂ ਨੂੰ ਪੈਨਸ਼ਨ ਜਾਰੀ ਕਰਨ ਸਬੰਧੀ ਦੇਰੀ ਹੋ ਰਹੀ ਹੈ।

3 ਸਰਕਾਰ ਵੱਲੋਂ ਫੈਸਲਾ ਲਿਆ ਗਿਆ ਹੈ ਕਿ ਪੰਜਾਬ ਸਰਕਾਰ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਅਜਿਹੀ ਸਥਿਤੀ ਦੌਰਾਨ ਕਿਸੇ ਤਰ੍ਹਾਂ ਦੀ ਦਿੱਕਤ ਪੇਸ਼ ਨਾ ਆਵੇ, ਇਸ ਲਈ ਮਿਤੀ 31.03.2020 ਨੂੰ ਰਿਟਾਇਰ ਹੋਏ ਅਤੇ ਇਸ ਤੋਂ ਬਾਅਦ ਰਿਟਾਇਰ ਹੋਣ ਵਾਲੇ ਅਧਿਕਾਰੀਆਂ/ਕਰਮਚਾਰੀਆਂ ਨੂੰ Provisional ਲਾਭ ਜਾਰੀ ਕੀਤੇ ਜਾਣ ਅਤੇ ਕਰਫਿਊ/ਲਾਕ ਡਾਊਨ ਖਤਮ ਹੋਣ ਉਪਰੰਤ ਰੈਗੂਲਰ ਪੈਨਸਨ ਫਿਕਸ ਕਰਨ ਹਿੱਤ ਤੁਰੰਤ ਲੋੜੀਂਦੀ ਕਾਰਵਾਈ ਕੀਤੀ ਜਾਵੇ।

4 ਨਵੀਂ ਪੈਨਸ਼ਨ ਸਕੀਮ ਅਧੀਨ ਰਿਟਾਇਰ ਹੋਏ/ਹੋਣ ਵਾਲੇ ਉਕਤ ਪੈਰ੍ਹਾ-3 ਅਧੀਨ ਕਵਰ ਹੁੰਦੇ ਕਰਮਚਾਰੀਆਂ/ਅਧਿਕਾਰੀਆਂ ਦੀਆ ਫਾਈਨਲ ਪੇਮੈਂਟ ਦੀਆਂ ਅਦਾਇਗੀਆ ਦੇ ਕੇਸਾਂ ਸਬੰਧੀ ਕਾਰਵਾਈ ਵੀ DDO's ਵੱਲੋਂ ਤੁਰੰਤ ਕੀਤੀ ਜਾਵੇ।

ਵਿਸ਼ਵਾਸਪਾਤਰ,

(ਰਮੇਸ਼ ਪਾਲ ਸ਼ਰਮਾ)
ਅਧੀਨ ਸਕੱਤਰ, ਵਿੱਤ

......ਚੱਲਦਾ ਪੰਨਾ......

Scanned by CamScanner

ਪਿੱਠ.ਅੰ.ਨੰ.: FD-FPPC0ADVC/7/2020-2FPPC/681-684 ਮਿਤੀ, ਚੰਡੀਗੜ੍ਹ 04-05-2020

ਉਤਾਰਾ ਹੇਠ ਦਰਸਾਇਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ/ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ (ਮੁੱਖ ਸਕੱਤਰ ਜੀ ਦੀ ਜਾਣਕਾਰੀ ਹਿੱਤ)।
2. ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ , ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਸਮੂਹ ਪ੍ਰਬੰਧਕੀ ਸਕੱਤਰ ਪੰਜਾਬ ਸਰਕਾਰ।
3. ਐਡਵੋਕੇਟ ਜਨਰਲ, ਪੰਜਾਬ।
4. ਸਥਾਨਕ ਕਮਿਸ਼ਨਰ, ਪੰਜਾਬ ਭਵਨ ਕਾਪਰਨਿਕਸ ਮਾਰਗ, ਨਵੀਂ ਦਿੱਲੀ।

(ਰਮੇਸ਼ ਪਾਲ ਸ਼ਰਮਾ)
ਅਧੀਨ ਸਕੱਤਰ, ਵਿੱਤ

ਪਿੱਠ.ਅੰ.ਨੰ.: FD-FPPC0ADVC/7/2020-2FPPC/685-86 ਮਿਤੀ, ਚੰਡੀਗੜ੍ਹ 04-05-2020

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ
2. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ

(ਰਮੇਸ਼ ਪਾਲ ਸ਼ਰਮਾ)
ਅਧੀਨ ਸਕੱਤਰ, ਵਿੱਤ

ਪਿੱਠ.ਅੰ.ਨੰ.: FD-FPPC0ADVC/7/2020-2FPPC/687 ਮਿਤੀ, ਚੰਡੀਗੜ੍ਹ 04-05-2020

ਉਪਰੋਕਤ ਦਾ ਉਤਾਰਾ ਮੈਨੇਜਿੰਗ ਡਾਇਰੈਕਟਰ, ਪੰਜਾਬ ਇੰਫੋਟੈਕ ਨੂੰ ਹਦਾਇਤਾਂ ਪੰਜਾਬ ਸਰਕਾਰ ਦੀ ਵੈਬ-ਸਾਈਡ ਤੇ ਅਪਲੋਡ ਕਰਨ ਲਈ ਭੇਜਿਆ ਜਾਂਦਾ ਹੈ।

(ਰਮੇਸ਼ ਪਾਲ ਸ਼ਰਮਾ)
ਅਧੀਨ ਸਕੱਤਰ, ਵਿੱਤ

ਪਿੱਠ.ਅੰ.ਨੰ.: FD-FPPC0ADVC/7/2020-2FPPC/688-692 ਮਿਤੀ, ਚੰਡੀਗੜ੍ਹ-04-05-2020

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ, ਹਿਮਾਚਲ ਪ੍ਰਦੇਸ਼, ਸਰਕਾਰ, ਵਿੱਤ ਵਿਭਾਗ, ਸ਼ਿਮਲਾ।
2. ਸਕੱਤਰ, ਹਰਿਆਣਾ ਸਰਕਾਰ, ਵਿੱਤ ਵਿਭਾਗ, ਚੰਡੀਗੜ੍ਹ।
3. ਵਿੱਤ ਸਕੱਤਰ, ਚੰਡੀਗੜ੍ਹ ਪ੍ਰਸ਼ਾਸਨ (ਯੂ.ਟੀ), ਚੰਡੀਗੜ੍ਹ।
4. ਰਾਜ ਦੇ ਸਮੂਹ ਜ਼ਿਲ੍ਹਾ ਖ਼ਜ਼ਾਨਾਂ ਅਫਸਰ, ਪੰਜਾਬ ਚੰਡੀਗੜ੍ਹ।
5. ਡਾਇਰੈਕਟਰ, ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ ਵਿਭਾਗ, ਪੰਜਾਬ ਵਿੱਤ ਤੇ ਲੇਖਾ ਭਵਨ, ਸੈਕਟਰ-33ਏ ਚੰਡੀਗੜ੍ਹ।

(ਰਮੇਸ਼ ਪਾਲ ਸ਼ਰਮਾ)
ਅਧੀਨ ਸਕੱਤਰ, ਵਿੱਤ

Scanned by CamScanner